Tel: 604.596.7733
www.surreyschools.ca

# ਮਾਪਿਆਂ/ਵਿਦਿਆਰਥੀਆਂ ਲਈ ਨੋਟਿਸ
# ਲਾਕਰ – ਵਰਤਣ ਲਦੀ ਸ਼ਰਤਾਂ

## ਵਿਦਿਆਰਥੀਆਂ ਦੇ ਲਾਕਰਾਂ ਬਾਰੇ ਨਿਯਮ: ਵਰਤਣ ਲਈ ਸ਼ਰਤਾਂ

(Lockers: Condition of Use)

**ਵਿਦਿਆਰਥੀਆਂ ਨੂੰ ਸਕੂਲ ਸਾਲ ਦੌਰਾਨ ਵਰਤਣ ਲਈ ਲਾਕਰ ਹੇਠ ਲਿਖੀਆਂ ਸ਼ਰਤਾਂ ਉੱਪਰ ਦਿੱਤੇ ਜਾਂਦੇ ਹਨ:**

1. ਵਿਦਿਆਰਥੀ ਉਨ੍ਹਾਂ ਨੂੰ ਦਿੱਤੇ ਗਏ ਲਾਕਰਾਂ ਲਈ ਜ਼ਿੰਮੇਵਾਰ ਹਨ ਅਤੇ ਇਹ ਲਾਕਰ ਹੋਰ ਕੋਈ ਨਹੀਂ ਵਰਤ ਸਕਦਾ।
2. ਵਿਦਿਆਰਥੀਆਂ ਦੇ ਲਾਕਰਾਂ ਨੂੰ ਸਕੂਲ ਵੱਲੋਂ ਪ੍ਰਵਾਨਿਤ ਜ਼ਿੰਦਰੇ (ਲਾਕ) ਹੀ ਲਾਏ ਜਾ ਸਕਦੇ ਹਨ, ਅਤੇ ਜ਼ਿੰਦਰੇ ਨੂੰ ਖੋਲ੍ਹਣ ਦਾ ਨੰਬਰ ਦਫਤਰ ਵਿੱਚ ਦਰਜ ਕਰਾਉਣਾ ਜ਼ਰੂਰੀ ਹੈ।
3. ਲਾਕਰਾਂ ਵਿੱਚ ਸਿਰਫ ਕਿਤਾਬਾਂ, ਸਕੂਲ ਵਿੱਚ ਵਰਤਣ ਵਾਲੀਆਂ ਚੀਜ਼ਾਂ ਅਤੇ ਸਾਮਾਨ, ਬਾਹਰ ਪਾਉਣ ਵਾਲੇ ਕੱਪੜੇ, ਸਕੂਲ ਦੀਆਂ ਖੇਡਾਂ ਦਾ ਸਾਮਾਨ ਅਤੇ ਲੰਚ ਹੀ ਰੱਖੇ ਜਾ ਸਕਦੇ ਹਨ।
4. ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ ਦੀ ਆਗਿਆ ਲਏ ਬਿਨਾਂ ਹੋਰ ਕੋਈ ਵੀ ਸਮੱਗਰੀ ਰੱਖਣ ਦੀ ਇਜਾਜ਼ਤ ਨਹੀਂ ਹੈ।
5. ਲਾਕਰ ਨੂੰ ਸਾਫ ਰੱਖਣਾ ਜ਼ਰੂਰੀ ਹੈ ਅਤੇ ਖਾਣੇ ਨੂੰ ਬਾਕਾਇਦਗੀ ਨਾਲ ਲਾਕਰ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ।
6. ਸਾਲ ਦੇ ਅੰਤ 'ਤੇ ਜਾਂ ਵਿਦਿਆਰਥੀ ਵੱਲੋਂ ਸਕੂਲ ਨੂੰ ਛੱਡ ਕੇ ਜਾਣ ਸਮੇਂ ਲਾਕਰ ਨੂੰ ਸਾਫ ਕਰਨ ਅਤੇ ਇਸ ਵਿੱਚੋਂ ਸਾਰਾ ਸਾਮਾਨ ਬਾਹਰ ਕੱਢਣ ਲਈ ਵਿਦਿਆਰਥੀ ਜ਼ਿੰਮੇਵਾਰ ਹਨ।
7. ਲਾਕਰ ਵਿੱਚ ਗੈਰ-ਕਾਨੂੰਨੀ ਵਸਤਾਂ, ਹਥਿਆਰ ਜਾਂ ਪਾਬੰਦੀ ਵਾਲੀਆਂ ਜਾਂ ਦੂਜਿਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਵਸਤਾਂ ਨਹੀਂ ਰੱਖੀਆਂ ਜਾ ਸਕਦੀਆਂ।
8. ਲਾਕਰ ਵਰਤਣ ਦੀਆਂ ਸ਼ਰਤਾਂ ਅਤੇ ਸਕੂਲ ਦੀਆਂ ਹੋਰ ਨੀਤੀਆਂ ਅਤੇ ਨਿਯਮਾਂ ਦੀ ਪਾਲਣਾ ਕੀਤੇ ਜਾਣਾ ਯਕੀਨੀ ਬਣਾਉਣ ਲਈ ਸਕੂਲ ਅਧਿਕਾਰੀ ਅਤੇ/ਜਾਂ ਉਨ੍ਹਾਂ ਵੱਲੋਂ ਨਿਯੁਕਤ ਕੀਤੇ ਵਿਅਕਤੀ ਲਾਕਰਾਂ ਦੀ ਕਿਸੇ ਵੀ ਸਮੇਂ ਬਿਨਾਂ ਪਹਿਲਾਂ ਕੋਈ ਨੋਟਿਸ ਦਿੱਤਿਆਂ ਤਲਾਸ਼ੀ ਲੈ ਸਕਦੇ ਹਨ। ਨਸ਼ਿਆਂ ਜਾਂ ਪਾਬੰਦੀ ਵਾਲੀਆਂ ਹੋਰ ਵਸਤਾਂ ਲੱਭਣ ਲਈ ਸਕੂਲ ਅਧਿਕਾਰੀਆਂ ਵਲੋਂ ਲਈਆਂ ਜਾਣ ਵਾਲੀਆਂ ਤਲਾਸ਼ੀਆਂ ਵਿੱਚ ਕੁੱਤਿਆਂ ਦੀਆਂ ਯੂਨਿਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
9. ਜੇ ਕੋਈ ਵਿਦਿਆਰਥੀ ਵਰਤਣ ਦੀਆਂ ਸ਼ਰਤਾਂ ਜਾਂ ਸਕੂਲ ਦੀਆਂ ਨੀਤੀਆਂ ਜਾਂ ਨਿਯਮਾਂ ਦੀ ਪਾਲਣਾ ਨਾ ਕਰੇ ਤਾਂ ਲਾਕਰ ਨੂੰ ਵਰਤਣ ਦੀ ਇਜਾਜ਼ਤ ਖਤਮ ਕੀਤੀ ਜਾ ਸਕਦੀ ਹੈ।
10. ਆਪਣੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਲਈ ਸਕੂਲ ਭਾਈਚਾਰੇ ਦਾ ਹਰ ਮੈਂਬਰ ਜ਼ਿੰਮੇਵਾਰ ਹੈ। ਜੇ ਕੋਈ ਵੀ ਵਿਦਿਆਰਥੀ ਇਹ ਯਕੀਨ ਕਰਦਾ ਹੋਵੇ ਕਿ ਕਿਸੇ ਲਾਕਰ ਵਿੱਚ ਕੋਈ ਅਜਿਹੀ ਚੀਜ਼ ਹੈ ਜਿਹੜੀ ਦੂਜੇ ਵਿਦਿਆਰਥੀਆਂ, ਸਟਾਫ ਜਾਂ ਕਿਸੇ ਹੋਰ ਵਿਅਕਤੀ ਦੀ ਸੁਰੱਖਿਆ ਲਈ ਖਤਰਾ ਹੋ ਸਕਦੀ ਹੈ, ਤਾਂ ਉਸ ਵਿਦਿਆਰਥੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਬਾਰੇ ਇਕਦਮ ਕਿਸੇ ਟੀਚਰ ਜਾਂ ਪ੍ਰਬੰਧਕ ਨੂੰ ਦੱਸੇ। ਇਸ ਤਰ੍ਹਾਂ ਦੀ ਰਿਪੋਰਟ ਦੇਣ ਵਾਲੇ ਵਿਦਿਆਰਥੀ ਦਾ ਨਾਂ ਗੁਪਤ ਰੱਖਿਆ ਜਾਵੇਗਾ।

